# ਵਿਸ਼ਾ - ਪੰਜਾਬੀ

# ਇੱਕ ਹੋਰ ਨਵਾਂ ਸਾਲ - ਨਾਵਲ

## ਵਸਤੂਨਿਸ਼ਠ ਪ੍ਰਸ਼ਨ

**ਪ੍ਰਸ਼ਨ 1. 'ਇਕ ਹੋਰ ਨਵਾਂ ਸਾਲ' ਨਾਵਲ ਦੇ ਲੇਖਕ ਦਾ ਨਾਂ ਕੀ ਹੈ ?**

ਉੱਤਰ - ਨਰਿੰਜਨ ਤਸਨੀਮ ।

**ਪ੍ਰਸ਼ਨ 2. 'ਇਕ ਹੋਰ ਨਵਾਂ ਸਾਲ' ਨਾਵਲ ਦੇ ਕਿੰਨੇ ਭਾਗ ਹਨ ?**

ਉੱਤਰ - ਤਿੰਨ - ਸਵੇਰ, ਦੁਪਹਿਰ ਤੇ ਸ਼ਾਮ ।

**ਪ੍ਰਸ਼ਨ 3. 'ਇਕ ਹੋਰ ਨਵਾਂ ਸਾਲ' ਨਾਵਲ ਦਾ ਨਾਇਕ ਕੌਣ ਹੈ ?**

ਉੱਤਰ - ਬੰਤਾ ।

**ਪ੍ਰਸ਼ਨ 4. ਬੰਤਾ ਕਿਸ ਸ਼ਹਿਰ ਵਿਚ ਰਿਕਸ਼ਾ ਚਲਾਉਂਦਾ ਹੈ ?**

ਉੱਤਰ - ਅੰਮ੍ਰਿਤਸਰ ਵਿਚ ।

**ਪ੍ਰਸ਼ਨ 5. ਬੰਤੇ ਦੀ ਪਤਨੀ ਦਾ ਕੀ ਨਾਂ ਹੈ ?**

ਉੱਤਰ - ਤਾਰੋ।

**ਪ੍ਰਸ਼ਨ 6. ਫੁੰਮਣ ਕਿਸ ਦਾ ਪੁੱਤਰ ਹੈ ?**

ਉੱਤਰ - ਬੰਤੇ ਤੇ ਤਾਰੋ ਦਾ ।

**ਪ੍ਰਸ਼ਨ 7. ਬੰਤੇ ਦੇ ਰਿਕਸ਼ੇ ਵਾਲੇ ਮਿੱਤਰ ਦਾ ਕੀ ਨਾਂ ਹੈ ?**

ਉੱਤਰ - ਦਿਆਲਾ ।

**ਪ੍ਰਸ਼ਨ 8. ਬੰਤੇ ਦਾ ਰੇਲਵੇ ਸਟੇਸ਼ਨ ਤੇ ਕਿੰਨੇ ਵਜੇ ਪਹੁੰਚਣ ਦਾ ਪ੍ਰੋਗਰਾਮ ਸੀ ?**

ਉੱਤਰ - ਸਵੇਰੇ ਸਾਢੇ ਛੇ ਵਜੇ।

**ਪ੍ਰਸ਼ਨ 9. ਬੰਤਾ ਕਿੰਨਾ ਪੜ੍ਹਿਆ ਹੋਇਆ ਹੈ ?**

ਉੱਤਰ - ਪੰਜਵੀਂ ਫੇਲ੍ਹ ।

**ਪ੍ਰਸ਼ਨ 10. ਤਾਰੋ ਕਿੰਨੀਆਂ ਜਮਾਤਾਂ ਪੜ੍ਹੀ ਹੈ ?**

ਉੱਤਰ - ਦੋ ।

**ਪ੍ਰਸ਼ਨ 11. ਬੰਤੇ ਦਾ ਪਿਤਾ ਕੀ ਕੰਮ ਕਰਦਾ ਸੀ ?**

ਉੱਤਰ - ਖੇਤ ਮਜ਼ਦੂਰ ਦਾ।

**ਪ੍ਰਸ਼ਨ 12. ਬੰਤੇ ਦੇ ਪਿਓ ਦੀ ਮੌਤ ਕਿਵੇਂ ਹੋਈ ਸੀ ?**

ਉੱਤਰ - ਸਿਰ ਚੜ੍ਹੇ ਕਰਜ਼ੇ ਦੇ ਫ਼ਿਕਰ ਕਾਰਨ ।

**ਪ੍ਰਸ਼ਨ 13. ਬੰਤਾ ਪੜ੍ਹਨ ਤੋਂ ਕਿਉਂ ਹਟ ਗਿਆ ਸੀ ?**

ਉੱਤਰ - ਪਿਤਾ ਦੀ ਮੌਤ ਹੋਣ ਕਾਰਨ।

**ਪ੍ਰਸ਼ਨ 14. ਬੰਤੇ ਦੀਆਂ ਕਿੰਨੀਆਂ ਭੈਣਾਂ ਸਨ ?**

ਉੱਤਰ- ਤਿੰਨ ।

**ਪ੍ਰਸ਼ਨ 15. ਤਾਨਪੁਰੇ ਵਾਲੀ ਕੁੜੀ ਜਲੰਧਰ ਕਿਉਂ ਆਈ ਸੀ ?**

ਉੱਤਰ - ਰੇਡੀਓ ਸਟੇਸ਼ਨ ਉੱਤੇ ਪ੍ਰੋਗਰਾਮ ਕਰਨ ।

**ਪ੍ਰਸ਼ਨ 16. ਬੰਤੇ ਨੂੰ ਮਾਂ ਦੀ ਕਿਹੜੀ ਬਿਮਾਰੀ ਕਰਕੇ ਉਸਦਾ ਫ਼ਿਕਰ ਸੀ ?**

ਉੱਤਰ - ਅੱਖਾਂ ਦੀ ਨਜ਼ਰ ਘਟਣ ਕਰਕੇ ।

**ਪ੍ਰਸ਼ਨ 17. ਜਲ੍ਹਿਆਂ ਵਾਲੇ ਬਾਗ਼ ਦੀ ਘਟਨਾ ਕਿਸ ਦਿਨ ਵਾਪਰੀ ?**

ਉੱਤਰ - ਵਿਸਾਖੀ ਵਾਲੇ ਦਿਨ।

**ਪ੍ਰਸ਼ਨ 18. ਬੰਤੇ ਨੇ ਦਿਆਲੇ ਦੇ ਰਿਕਸ਼ੇ ਵਿੱਚ ਬੈਠਿਆਂ ਕੀ ਗਾਉਣ ਦੀ ਇੱਛਾ ਜਤਾਈ ?**

ਉੱਤਰ - ਹੀਰ ।

**ਪ੍ਰਸ਼ਨ 19. ਰਿਕਸ਼ੇ ਵਾਲੇ ਦੀ ਪਤਨੀ ਕਿਸ ਦੇ ਘਰ ਕੰਮ ਕਰਨ ਜਾਂਦੀ ਸੀ ?**

ਉੱਤਰ - ਸਕੂਲ ਮਾਸਟਰ ਦੇ।

**ਪ੍ਰਸ਼ਨ 20. ਬੰਤੇ ਨੇ ਦੁਪਹਿਰ ਵੇਲੇ ਜਦੋਂ ਘਰ ਦੇ ਬਾਹਰ ਆ ਕੇ ਟੱਲੀ ਵਜਾਈ ਤਾਂ ਕੌਣ ਦੌੜ ਕੇ ਆਇਆ ?**

ਉੱਤਰ - ਫੁੰਮਣ।

**ਪ੍ਰਸ਼ਨ 21. ਫੁੰਮਣ ਆਪਣੇ ਪਿਤਾ ਤੋਂ ਕਿਹੜਾ ਪਾਠ ਪੜ੍ਹਨਾ ਚਾਹੁੰਦਾ ਸੀ ?**

ਉੱਤਰ - ਆਪਣਾ ਦੇਸ਼।

**ਪ੍ਰਸ਼ਨ 22. ਬੰਤੇ ਨੂੰ ਆਪਣੀ ਕਿਹੜੀ ਮਾਮੀ ਸਭ ਤੋਂ ਚੰਗੀ ਲੱਗਦੀ ਸੀ ?**

ਉੱਤਰ - ਸਭ ਤੋਂ ਛੋਟੀ ਮਾਮੀ।

**ਪ੍ਰਸ਼ਨ 23. ਬੰਤੇ ਨੂੰ ਕਿਸਦਾ ਚੁੱਪ-ਚੁੱਪ ਰਹਿਣਾ ਚੰਗਾ ਨਹੀਂ ਲਗਦਾ ?**

ਉੱਤਰ - ਤਾਰੋ ਦਾ।

**ਪ੍ਰਸ਼ਨ 24. ਬਸੰਤ ਪੰਚਮੀ ਵਾਲੇ ਦਿਨ ਬੰਤਾ ਆਪਣੀ ਬੇਬੇ ਤੇ ਪਤਨੀ ਨੂੰ ਕਿੱਥੇ ਲੈ ਕੇ ਗਿਆ ?**

ਉੱਤਰ - ਗੁਰਦੁਆਰਾ ਛੇਹਰਟਾ ਸਾਹਿਬ।

**ਪ੍ਰਸ਼ਨ 25. ਬਸੰਤ ਪੰਚਮੀ ਦਾ ਮੇਲਾ ਵੇਖਣ ਗਏ ਬੰਤੇ ਨੇ ਖਾਣ ਲਈ ਚੁਆਨੀ ਦਾ ਕੀ ਖਰੀਦਿਆ ?**

ਉੱਤਰ – ਪਕੌੜੇ ।

**ਪ੍ਰਸ਼ਨ 26. ਦਿੱਲੀ ਤੋਂ ਅੰਮ੍ਰਿਤਸਰ ਮੈਚ ਖੇਡਣ ਆਈਆਂ ਕੁੜੀਆਂ ਦਾ ਸਮਾਨ ਕਿਸ ਨੇ ਚੋਰੀ ਕਰ ਲਿਆ ਸੀ ?**

ਉੱਤਰ - ਨੱਥੂ ਨੇ।

**ਪ੍ਰਸ਼ਨ 27. ਰਿਕਸ਼ੇ ਵਾਲੇ ਕਿਸ਼ਨੇ ਦੀ ਇਮਾਨਦਾਰੀ ਤੋਂ ਖੁਸ਼ ਹੋ ਕੇ ਸਮਾਨ ਦੇ ਮਾਲਕ ਨੇ ਉਸਨੂੰ ਇਨਾਮ ਦੇ ਰੂਪ ਵਿੱਚ ਕੀ ਦਿੱਤਾ ?**

ਉੱਤਰ - ਦਸ ਰੁਪਏ।

**ਪ੍ਰਸ਼ਨ 28. ਬੰਤੇ ਨੇ ਕਰਜ਼ਾ ਕਿਸ ਕੰਮ ਲਈ ਲਿਆ ਸੀ ?**

ਉੱਤਰ - ਭੈਣਾਂ ਦੇ ਵਿਆਹ ਲਈ।

**ਪ੍ਰਸ਼ਨ 29. ਤਾਰੋ ਦੇ ਘਰ ਜਿਹੜਾ ਕਾਰਡ ਆਇਆ ਸੀ, ਉਸ ਵਿੱਚ ਕਿਸ ਦੇ ਵਿਆਹ ਦਾ ਜ਼ਿਕਰ ਸੀ ?**

ਉੱਤਰ - ਜੱਸੀ ਦੇ ਵਿਆਹ ਦਾ।

**ਪ੍ਰਸ਼ਨ 30. ਦਿਆਲੇ ਦੀ ਘਰਵਾਲੀ ਕਿੱਥੇ ਗਈ ਸੀ ?**

ਉੱਤਰ - ਪੇਕੇ ।

**ਪ੍ਰਸ਼ਨ 31. ਬੰਤੇ ਦੇ ਘਰ ਕਿੰਨੇ ਬੱਚੇ ਸਨ ?**

ਉੱਤਰ - ਤਿੰਨ - ਇੱਕ ਮੁੰਡਾ ਤੇ ਦੋ ਕੁੜੀਆਂ ।

**ਪ੍ਰਸ਼ਨ 32. ਬੰਤੇ ਨੇ ਨਵੇਂ ਸਾਲ ਵਾਲੇ ਦਿਨ ਬੱਚਿਆਂ ਨੂੰ ਕਿੱਥੋਂ ਦੀ ਸੈਰ ਕਰਵਾਈ ?**

ਉੱਤਰ - ਬਾਜ਼ਾਰ ਦੀ।

**ਪ੍ਰਸ਼ਨ 33. ਬੰਤੇ ਦੇ ਵਾਲ ਕਿਸ ਨੇ ਕਟਵਾ ਦਿੱਤੇ ਸਨ ?**

ਉੱਤਰ - ਮਾਮੇ ਨੇ ।

**ਪ੍ਰਸ਼ਨ 34. ਬੰਤੇ ਅਨੁਸਾਰ 'ਗਰੀਨ ਐਵੇਨਿਊ' ਜਾਣ ਵਾਲੀਆਂ ਸਵਾਰੀਆਂ ਦੇ ਬੈਗ ਵਿਚ ਕੀ ਸੀ ?**

ਉੱਤਰ - ਰੁਪਏ।

**ਪ੍ਰਸ਼ਨ 35. 'ਰਣਜੀਤ ਸਿੰਘ ਹਾਲ' ਜਾਣ ਵਾਲੇ ਕਵੀਆਂ ਨੂੰ ਮੁਸ਼ਾਇਰੇ ਉੱਤੇ ਕਿਸ ਨੇ ਬੁਲਾਇਆ ਸੀ ?**

ਉੱਤਰ - ਕੰਵਰ ਸਾਹਿਬ ਨੇ ।

**ਪ੍ਰਸ਼ਨ 36. ਬਚਪਨ ਵਿੱਚ ਬੰਤਾ ਕਿਸ ਕੋਲੋਂ ਬਾਤਾਂ ਸੁਣ ਕੇ ਅਨੰਦ ਲੈਂਦਾ ਸੀ ?**

ਉੱਤਰ - ਬੇਬੇ ਕੋਲੋਂ।

**ਪ੍ਰਸ਼ਨ 37. ਰਿਕਸ਼ੇ ਵਾਲੇ ਉੱਤੇ ਕਹਾਣੀ ਲਿਖਣ ਵਾਲੇ ਬੰਦੇ ਨੂੰ ਰਿਸਾਲੇ ਵਾਲਿਆਂ ਤੋਂ ਕਿੰਨੇ ਪੈਸੇ ਮਿਲੇ ਸਨ ?**

ਉੱਤਰ - ਤੀਹ ਰੁਪਏ।

**ਪ੍ਰਸ਼ਨ 38. ਛਾਉਣੀ ਜਾਣ ਵਾਲੇ ਪਤੀ-ਪਤਨੀ ਨੇ ਆਪਣਾ ਖ਼ਰਾਬ ਸਕੂਟਰ ਕਿੱਥੇ ਖੜ੍ਹਾ ਕੀਤਾ ?**

ਉੱਤਰ - ਕੋਠੀ ਵਿਚ ।

**ਪ੍ਰਸ਼ਨ 39. ਸੁਸ਼ਮਾ ਦਾ ਪਤੀ ਉਸ ਨੂੰ ਆਪਣੇ ਅਫ਼ਸਰ ਨੂੰ ਨੱਚਦਿਆਂ ਦੇਖ ਕੇ ਹੱਸਣੋਂ ਕਿਉਂ ਰੋਕਦਾ ਹੈ ?**

ਉੱਤਰ – ਅਫ਼ਸਰ ਦੀ ਨਰਾਜ਼ਗੀ ਤੋਂ ਡਰਦਾ ।

**ਪ੍ਰਸ਼ਨ 40. ਨਵੇਂ ਸਾਲ ਦੀ ਕਮਾਈ ਵਿੱਚੋਂ ਤਾਰੋ ਬੰਤੇ ਨੂੰ ਕੀ ਲਿਆਉਣ ਲਈ ਕਹਿੰਦੀ ਹੈ ?**

ਉੱਤਰ - ਆਪਣੇ ਲਈ ਦੇਸੀ ਘਿਉ ।

**ਪ੍ਰਸ਼ਨ 41. ਬੰਤਾ ਆਪਣੇ ਲਈ ਘਿਓ ਲਿਆਉਣ ਦੀ ਥਾਂ ਤਾਰੋ ਲਈ ਕੀ ਲਿਆਉਣਾ ਚਾਹੁੰਦਾ ਹੈ ?**

ਉੱਤਰ - ਡਾਕਟਰਨੀ ਦੇ ਦੱਸੇ ਟੀਕੇ ।



**ਗੁਰਦੀਪ ਸਿੰਘ ਬਰਾੜ ਪੰਜਾਬੀ ਮਾਸਟਰ ਸਸਸਸ ਕੋਟਲੀ ਅਬਲੂ ਜਿਲ੍ਹਾ ਸ੍ਰੀ ਮੁਕਤਸਰ ਸਾਹਿਬ ਮੋ 9193700037**